ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿ.) ਪੰਜਾਬ, ਐਸ.ਏ.ਐਸ. ਨਗਰ।

Dpiee.establishment2@punjabeducation.gov.in

(ਅਮਲਾ-2 ਸਾਖਾ)

ਸੇਵਾ ਵਿਖੇ

ਜਿਲ੍ਹਾ ਸਿੱਖਿਆ ਅਫਸਰ (ਐਸਿ)(ਸੈਸਿ)

ਲੁਧਿਆਣਾ, ਪੰਜਾਬ।

ਮੀਮੋ ਨੰਃ 202569847

ਮਿਤੀ, ਐਸ.ਏ.ਐਸ.ਨਗਰਃ 15-03-2025

ਵਿਸ਼ਾ:- ਈ ਟੀ ਟੀ ਕਾਡਰ ਦੀ 2364 ਭਰਤੀ ਦੇ ਯੋਗ ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਦੇਣ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ 2364 ਈਟੀਟੀ ਦੀਆਂ ਅਸਾਮੀਆਂ ਵਿਰੁੱਧ ਚੁਣੇ ਗਏ ਯੋਗ ਉਮੀਦਵਾਰਾ ਨੂੰ ਨਿਯੁਕਤੀ ਪੱਤਰ ਮਾਨਯੋਗ ਮੁੱਖ ਮੰਤਰੀ ਪੰਜਾਬ ਜੀ ਵੱਲੋਂ ਗੁਰੂ ਨਾਨਕ ਭਵਨ, (ਇਨਸਾਇਡ ਪੰਜਾਬੀ ਭਵਨ) ਨੇੜੇ ਡੀ.ਸੀ. ਦਫਤਰ, ਭਾਰਤ ਨਗਰ ਚੌਂਕ ਨਗਰ, ਲੁਧਿਆਣਾ ਵਿਖੇ ਮਿਤੀ 19-03-2025 ਨੂੰ ਰਾਜ ਪੱਧਰੀ ਸਮਾਗਮ ਕਰਕੇ ਆਪਣੇ ਕਰ ਕਮਲਾਂ ਨਾਲ ਦਿੱਤੇ ਜਾਣੇ ਹਨ।

ਇਸ ਲਈ ਆਪ ਨੂੰ ਹਦਾਇਤ ਕੀਤੀ ਜਾਦੀ ਹੈ ਕਿ ਆਪਣੇ ਪੱਧਰ ਤੇ ਡੀ.ਸੀ. ਲੁਧਿਆਣਾ ਨਾਲ ਤਾਲਮੇਲ ਕਰਕੇ ਮਾਨਯੋਗ ਮੁੱਖ ਮੰਤਰੀ ਪੰਜਾਬ ਜੀ ਦੇ ਸਮਾਗਮ ਦਾ ਲੋੜੀਂਦਾ ਇੰਤਜਾਮ ਕੀਤਾ ਜਾਵੇ ਅਤੇ ਹੇਠ ਲਿਖੇ ਅਨੁਸਾਰ ਆਪਣੀ ਸਹੂਲਤ ਨਾਲ ਪ੍ਰਬੰਧ ਕਰਨਾ ਯਕੀਨੀ ਬਣਾਇਆ ਜਾਵੇਃ-

ਸਮਾਗਮ ਦਾ ਲੋੜੀਂਦਾ ਇੰਤਜਾਮ ਕਰਨ ਲਈ ਪ੍ਰਿੰਸੀਪਲ, ਲੈਕਚਰਾਰ ਅਤੇ ਅਧਿਆਪਕਾਂ ,ਬੀਪੀਈਓ ਅਤੇ ਸੀ ਐਚ ਟੀ ਕਾਡਰ ਦੀਆਂ ਲੋੜ ਅਨੁਸਾਰ ਟੀਮਾਂ ਬਣਾ ਕੇ ਡਿਊਟੀ ਲਗਾਈ ਜਾਵੇ, ਪੱਤਰ ਦੀ ਕਾਪੀ ਮੁੱਖ ਦਫਤਰ ਨੂੰ ਭੇਜੀ ਜਾਵੇ।

ਸਮੂਹ ਇੰਤਜਾਮ ਦੀ ਦੇਖ-ਰੇਖ ਸ੍ਰੀ ਰਾਜੇਸ਼ ਧੀਮਾਨ, ਆਈ.ਏ.ਐਸ. ਵਿਸ਼ੇਸ ਸਕੱਤਰ ਸਕੂਲ ਸਿੱਖਿਆ ਜੀ ਕਰ ਰਹੇ ਹਨ, ਵਿਸ਼ੇਸ ਸਕੱਤਰ ਜੀ ਇੰਤਜਾਮ ਦਾ ਜਾਇਜਾ ਲੈਣ ਲਈ ਮਿਤੀ 17-03-2025 ਨੂੰ ਸਵੇਰੇ 9:00 ਵਜੇ ਗੁਰੂ ਨਾਨਕ ਭਵਨ, ਲੁਧਿਆਣਾ ਵਿਖੇ ਨਿੱਜੀ ਪੱਧਰ ਤੇ ਪਹੁੰਚਣਗੇ। ਉਸ ਸਮੇਂ ਵਿਸ਼ੇਸ ਸਕੱਤਰ ਜੀ ਨੂੰ ਰਿਪੋਰਟ ਕਰਨੀ ਯਕੀਨੀ ਬਣਾਈ ਜਾਵੇ।

ਇਸ ਨੂੰ ਅਤੀ ਜਰੂਰੀ ਸਮਝਿਆ ਜਾਵੇ। ਕਿਸੇ ਵੀ ਦੇਰੀ /ਅਣਗਹਿਲੀ ਦੀ ਜਿੰਮੇਵਾਰੀ ਆਪ ਜੀ ਦੀ ਨਿੱਜੀ ਹੋਵੇਗੀ।

ਸਹਾਇਕ ਡਾਇਰੈਕਟਰ (ਅਮਲਾ-2)